THE AUTHENTIC T-SHIRT COMPANY® SANMAR CANADA

# ਵੇਅਰਹਾਊਸ OHS - ਸੈੱਲ ਫ਼ੋਨ ਅਤੇ ਨਿੱਜੀ ਮਿਊਜ਼ਿਕ ਡਿਵਾਈਸਾਂ ਬਾਰੇ ਨੀਤੀ

## ਇਰਾਦਾ

ਪ੍ਰਾਂਤਕ ਵਿਵਸਾਇਕ ਸਿਹਤ ਅਤੇ ਸੁਰੱਖਿਆ (Provincial Occupational Health and Safety) ਸਬੰਧੀ ਲੋੜਾਂ ਅਤੇ Authentic T-Shirt Company®/SanMar Canada (ਕੰਪਨੀ) ਦੀ ਸੁਰੱਖਿਆ ਅਤੇ ਰੋਕਥਾਮ ਲਈ ਨਿਰੰਤਰ ਵਚਨਬੱਧਤਾ ਦੀ ਪਾਲਣਾ ਵਿੱਚ, **ਕੰਪਨੀ ਵੇਅਰਹਾਊਸ ਵਿੱਚ ਹੋਣ ਸਮੇਂ ਸੈੱਲ ਫ਼ੋਨਾਂ ਅਤੇ ਨਿੱਜੀ ਮਿਊਜ਼ਿਕ ਡਿਵਾਈਸਾਂ ਦੇ ਹਰ ਤਰ੍ਹਾਂ ਦੇ ਇਸਤੇਮਾਲ 'ਤੇ ਪਾਬੰਦੀ ਲਗਾਉਂਦੀ ਹੈ।** ਸਾਰੇ ਕਰਮਚਾਰੀਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਲਈ ਇਹ ਬਹੁਤ ਜ਼ਰੂਰੀ ਹੈ, ਤਾਂ ਜੋ ਸੈੱਲ ਫ਼ੋਨ ਜਾਂ ਮਿਊਜ਼ਿਕ ਡਿਵਾਈਸਾਂ ਦੇ ਇਸਤੇਮਾਲ ਨਾਲ ਜੁੜੀਆਂ ਦੁਰਘਟਨਾਵਾਂ ਨੂੰ ਰੋਕਿਆ ਜਾ ਸਕੇ ਅਤੇ ਸੰਚਾਲਨ ਵਿੱਚ ਉਤਪਾਦਕਤਾ ਅਤੇ ਕਾਰਗਰਤਾ ਨੂੰ ਕਾਇਮ ਰੱਖਿਆ ਜਾ ਸਕੇ।

## ਇਸ ਨੀਤੀ ਵਿੱਚ, ਤੁਹਾਨੂੰ ਇਹਨਾਂ ਬਾਰੇ ਜਾਣਕਾਰੀ ਮਿਲੇਗੀ:

- ਇਹ ਨੀਤੀ ਕਿਸ 'ਤੇ ਲਾਗੂ ਹੁੰਦੀ ਹੈ
- ਪਾਬੰਦੀਸ਼ੁਦਾ ਇਲੈਕਟ੍ਰਾਨਿਕ ਗਤੀਵਿਧੀਆਂ
- ਪਾਬੰਦੀਸ਼ੁਦਾ ਇਲੈਕਟ੍ਰਾਨਿਕ ਸਹਾਇਕ ਉਪਕਰਣ
- ਉਮੀਦਾਂ
- ਸਵੀਕ੍ਰਿਤੀ ਅਤੇ ਸਮਝੌਤਾ

## ਇਹ ਨੀਤੀ ਕਿਸ 'ਤੇ ਲਾਗੂ ਹੁੰਦੀ ਹੈ

- ਫੁੱਲ-ਟਾਈਮ ਕਰਮਚਾਰੀ
- ਪਾਰਟ-ਟਾਈਮ ਕਰਮਚਾਰੀ
- ਅਨਿਯਮਿਤ (ਕੈਜ਼ੂਅਲ) ਕਰਮਚਾਰੀ
- ਕੋ-ਆਪ (ਸਹਿਯੋਗੀ) ਵਿਦਿਆਰਥੀ
- ਮੌਸਮੀ ਕਰਮਚਾਰੀ
- ਕੱਚਾ (ਟੈਂਪ੍ਰੇਰੀ) ਏਜੰਸੀ ਸਟਾਫ਼
- ਠੇਕੇਦਾਰ / ਉੱਪ-ਠੇਕੇਦਾਰ
- ਕੰਪਨੀ ਦੀ ਤਰਫ਼ੋਂ ਸੇਵਾਵਾਂ ਨਿਭਾ ਰਹੇ ਹੋਰ ਵਰਕਰ

## ਪਾਬੰਦੀਸ਼ੁਦਾ ਇਲੈਕਟ੍ਰਾਨਿਕ ਗਤੀਵਿਧੀਆਂ

- ਫ਼ੋਨ ਕਾਲਾਂ ਕਰਨਾ ਜਾਂ ਸੁਣਨਾ
- ਟੈਕਸਟ ਮੈਸੇਜ ਭੇਜਣਾ ਜਾਂ ਪ੍ਰਾਪਤ ਕਰਨਾ
- ਗੇਮਾਂ ਖੇਡਣਾ
- ਇੰਟਰਨੈੱਟ ਬ੍ਰਾਊਜ਼ ਕਰਨਾ
- ਮਿਊਜ਼ਿਕ ਸੁਣਨਾ

## ਪਾਬੰਦੀਸ਼ੁਦਾ ਇਲੈਕਟ੍ਰਾਨਿਕ ਸਹਾਇਕ ਉਪਕਰਣ

- ਵੇਅਰਹਾਊਸ ਵਿੱਚ ਹੈੱਡਫ਼ੋਨਾਂ (ਕੌਰਡਲੈੱਸ ਅਤੇ ਕੌਰਡ ਵਾਲੇ) ਨੂੰ ਵਰਤਣ ਦੀ ਆਗਿਆ ਨਹੀਂ ਹੈ।

## ਉਮੀਦਾਂ

- ਸੈੱਲ ਫ਼ੋਨ ਅਤੇ ਹੈੱਡਫ਼ੋਨ ਦਾ ਇਸਤੇਮਾਲ ਵੇਅਰਹਾਊਸ ਤੋਂ ਬਾਹਰ ਨਿਰਧਾਰਤ ਬ੍ਰੇਕਾਂ ਤਕ ਹੀ ਸੀਮਤ ਹੋਣਾ ਚਾਹੀਦਾ ਹੈ।

## ਸਵੀਕ੍ਰਿਤੀ ਅਤੇ ਸਮਝੌਤਾ

ਇਸ ਦਸਤਾਵੇਜ਼ 'ਤੇ ਆਪਣੇ ਡਿਜਿਟਲ ਦਸਤਖਤ ਕਰਕੇ, ਮੈਂ ਵੇਅਰਹਾਊਸ OHS – ਸੈੱਲ ਫ਼ੋਨਾਂ ਅਤੇ ਨਿੱਜੀ ਮਿਊਜ਼ਿਕ ਡਿਵਾਈਸਾਂ ਬਾਰੇ ਨੀਤੀ ਨੂੰ ਸਵੀਕਾਰ ਕਰਨ ਦੀ ਪੁਸ਼ਟੀ ਕਰਦਾ/ਕਰਦੀ ਹਾਂ। ਮੈਂ ਇਸਦੇ ਸਾਰੇ ਅਸੂਲਾਂ, ਨੀਤੀਆਂ, ਨਿਯਮਾਂ ਅਤੇ ਸ਼ਰਤਾਂ ਨੂੰ ਸਮਝਦਾ/ਸਮਝਦੀ ਹਾਂ ਅਤੇ ਉਹਨਾਂ ਦੀ ਅਤੇ ਉਹਨਾਂ ਵਿੱਚ ਕੋਈ ਵੀ ਸੋਧਾਂ ਜੋ ਜਾਰੀ ਕੀਤੀਆਂ ਜਾ ਸਕਦੀਆਂ ਹਨ, ਦੀ ਪਾਲਣਾ ਕਰਨ ਲਈ ਸਹਿਮਤ ਹਾਂ। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਨੀਤੀ ਨੂੰ ਲੋੜ ਅਨੁਸਾਰ ਸੋਧਿਆ ਜਾਂ ਇਸ ਵਿੱਚ ਫੇਰ-ਬਦਲ ਕੀਤਾ ਜਾ ਸਕਦਾ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਨੀਤੀ ਦੀ ਮੇਰੀ ਪਾਲਣਾ ਮੇਰੀ

ਨੌਕਰੀ ਦੀ ਇੱਕ ਸ਼ਰਤ ਹੈ, ਅਤੇ ਕਿਸੇ ਵੀ ਉਲੰਘਣਾ ਦੇ ਨਤੀਜੇ ਵਜੋਂ ਜਾਇਜ਼ ਕਾਰਨ ਦੇ ਨਾਲ ਨੌਕਰੀ ਦੀ ਸਮਾਪਤੀ ਸਮੇਤ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।